# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ

ਈ.ਮੇਲ: directorscert@punjabeducation.gov.in ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿੱ),
ਸਮੂਹ ਸਕੂਲ ਮੁਖੀ (PM Shri ਸਕੂਲ)
ਪੰਜਾਬ।

ਮੀਮੋ ਨੰਬਰ:SCERT/SCI/20252628/e-804507 ਮਿਤੀ: ਐਸ.ਏ.ਐਸ. ਨਗਰ:03.01.2025

**ਵਿਸ਼ਾ : 233 PM Shri ਸਕੂਲਾਂ ਵਿੱਚ Eminent Experts (National) ਦੁਆਰਾ Mentoring ਸੰਬੰਧੀ**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸੈਸ਼ਨ 2024-25 ਦੌਰਾਨ **PM Shri** ਸਕੂਲਾਂ ਵਿੱਚ ਵਿਦਿਆਰਥੀਆਂ ਅੰਦਰ ਵਿਗਿਆਨਕ ਦ੍ਰਿਸ਼ਟੀਕੋਣ, Evidence based Learning, ਰਚਨਾਤਮਕਤਾ, ਸਿਰਜਣਾਤਮਕਤਾ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ, ਵਿਗਿਆਨ ਅਤੇ ਹੋਰ ਵਿਸ਼ਿਆਂ ਅੰਦਰ ਰੋਚਕਤਾ ਪੈਦਾ ਕਰਨ ਲਈ ਮਾਹਿਰਾਂ ਦੁਆਰਾ mentoring ਕੀਤੀ ਜਾਣੀ ਹੈ।

3.0 Mentoring ਵਿਦਿਆਰਥੀਆਂ ਅੰਦਰ ਵੱਖ-ਵੱਖ ਵਿਸ਼ਿਆਂ ਪ੍ਰਤੀ ਰਸ਼ਮੀ ਰੂਪ ਵਿੱਚ ਹੁਨਰ, ਮੁਹਾਰਤ ਅਤੇ ਯੋਗਤਾ ਦਾ ਸੰਚਾਰ ਕਰੇਗੀ ਅਤੇ ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਵੇਗੀ।

4.0 ਉਕਤ ਉਦੇਸ਼ ਦੀ ਪੂਰਤੀ ਲਈ PM SHRI ਸਕੂਲਾਂ ਵਿੱਚ ਰਾਸ਼ਟਰੀ ਪੱਧਰ ਦੇ ਮਾਹਿਰਾਂ ਦੇ ਸਹਿਯੋਗ ਦੁਆਰਾ mentoring ਕੀਤੀ ਜਾਣੀ ਹੈ ਅਤੇ ਵਿਦਿਆਰਥੀਆਂ ਦਾ ਵਿਅਕਤੀਗਤ ਮਾਰਗਦਰਸ਼ਨ ਕਰਨ ਲਈ ਸੈਮੀਨਾਰ ਜਾਂ ਵਰਕਸ਼ਾਪ ਆਯੋਜਿਤ ਕੀਤੇ ਜਾਣੇ ਹਨ।

5.0 ਉਕਤ ਗਤੀਵਿਧੀ ਅਧੀਨ ਸਮੂਹ ਸਕੂਲਾਂ ਦੁਆਰਾ ਰਾਸ਼ਟਰੀ ਪੱਧਰ ਦੀਆਂ ਹਸਤੀਆਂ ਜਿਵੇਂ ਪ੍ਰਸਿੱਧ ਵਿਗਿਆਨੀ, ਯੂਨੀਵਰਸਿਟੀਆਂ ਦੇ ਸਾਇੰਸ ਵਿਸ਼ੇ ਨਾਲ ਸੰਬੰਧਤ ਖੋਜ਼ਕਾਰ ਅਤੇ ਸਿੱਖਿਆ ਅਧਿਕਾਰੀ, ਇਤਿਹਾਸਕਾਰ, ਉੱਚ ਪ੍ਰੋਫੈਸਨਿਲ ਕਾਲਜ਼ਾਂ ਦੀ ਸੀਨੀਅਰ ਫੈਕਲਟੀ ਅਤੇ ਮਾਹਿਰ (ਵਿਗਿਆਨ, ਤਕਨਾਲੋਜੀ, ਮੈਡੀਕਲ, ਇੰਜੀਨੀਅਰਿੰਗ, ਗਣਿਤ, ਲਾਅ), ਆਈ.ਆਈ.ਟੀ (ਰੋਪੜ), IISER (ਮੋਹਾਲੀ), IIM(ਅੰਮ੍ਰਿਤਸਰ), ਡਾ. ਬੀ. ਆਰ. ਅੰਬੇਦਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੋਲੋਜੀ (NIT), ਜਲੰਧਰ, ਉੱਘੇ ਸਿੱਖਿਆ ਸ਼ਾਸਤਰੀ, ਉੱਘੇ ਕਲਾਕਾਰ, ਰੰਗਮੰਚੀ, ਲਿਖਾਰੀ, ਰਾਸ਼ਟਰੀ ਪੱਧਰ ਦੇ ਖਿਡਾਰੀ/ਕੋਚ, ਰਾਸ਼ਟਰੀ ਪੱਧਰ ਦੇ ਉੱਚ ਅਧਿਕਾਰੀਆਂ ਆਦਿ ਦੁਆਰਾ ਵਿਦਿਆਰਥੀਆਂ ਦੀ mentoring ਕਰਵਾਈ ਜਾਣੀ ਹੈ।

6.0 ਉਕਤ ਵਿਅਕਤੀਆਂ ਨਾਲ ਤਾਲਮੇਲ ਕਾਇਮ ਕਰਨ ਲਈ ਇਹਨਾਂ ਸਕੂਲਾਂ ਦੁਆਰਾ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਗਾਇਡੈਂਸ ਅਫ਼ਸਰ ਦੀ ਮਦਦ ਲਈ ਜਾਵੇ। ਪ੍ਰਸਿੱਧ ਲਿਖਾਰੀਆਂ ਨਾਲ ਰਾਬਤਾ ਕਾਇਮ ਕਰਨ ਲਈ ਆਪਣੇ ਜ਼ਿਲ੍ਹੇ ਦੇ ਭਾਸ਼ਾ ਅਫ਼ਸਰਾਂ ਅਤੇ ਉੱਚ ਪੱਧਰੀ ਖਿਡਾਰੀਆਂ ਨਾਲ ਰਾਬਤਾ ਕਰਨ ਲਈ ਜ਼ਿਲ੍ਹਾ ਸਪੋਰਟਸ਼ ਅਫ਼ਸਰ ਨਾਲ ਰਾਬਤਾ ਕਾਇਮ ਕੀਤਾ ਜਾਵੇ।

7.0 PM Shri PAB 2024-25 ਤਹਿਤ ਰਾਸ਼ਟਰੀ ਅਵਿਸ਼ਕਾਰ ਅਭਿਆਨ ਦੀ ਮੱਦ **Mentoring by Eminent Experts (National)** ਅਧੀਨ ਸਮੂਹ ਜ਼ਿਲ੍ਹਿਆਂ ਨੂੰ ਹੇਠ ਅਨੁਸਾਰ ਰਾਸ਼ੀ ਭੇਜੀ ਗਈ ਹੈ:

| ਲੜੀ ਨੰ. | ਜ਼ਿਲ੍ਹਾ | Funds Allotted Under PM SHRI PAB-2024 | | |
|---|---|---|---|---|
| | | ਸਕੂਲਾਂ ਦੀ ਗਿਣਤੀ | Financial @ Rs. 5000/ ਸਕੂਲ | Financial (in Lakhs) |
| **1** | ਅੰਮ੍ਰਿਤਸਰ | 14 | 0.05 | 0.7 |
| **2** | ਬਰਨਾਲਾ | 6 | 0.05 | 0.3 |
| **3** | ਬਠਿੰਡਾ | 17 | 0.05 | 0.85 |
| **4** | ਫਰੀਦਕੋਟ | 6 | 0.05 | 0.3 |
| **5** | ਫਤਿਹਗੜ੍ਹ ਸਾਹਿਬ | 5 | 0.05 | 0.25 |
| **6** | ਫਾਜ਼ਿਲਕਾ | 8 | 0.05 | 0.4 |
| **7** | ਫਿਰੋਜ਼ਪੁਰ | 10 | 0.05 | 0.5 |
| **8** | ਗੁਰਦਾਸਪੁਰ | 17 | 0.05 | 0.85 |
| **9** | ਹੁਸ਼ਿਆਰਪੁਰ | 14 | 0.05 | 0.7 |
| **10** | ਜਲੰਧਰ | 15 | 0.05 | 0.75 |
| **11** | ਕਪੂਰਥਲਾ | 5 | 0.05 | 0.25 |
| **12** | ਲੁਧਿਆਣਾ | 15 | 0.05 | 0.75 |
| **13** | ਮਲੇਰਕੋਟਲਾ | 6 | 0.05 | 0.3 |
| **14** | ਮਾਨਸਾ | 9 | 0.05 | 0.45 |
| **15** | ਮੋਗਾ | 10 | 0.05 | 0.5 |
| **16** | ਸ.ਅ.ਸ. ਨਗਰ | 14 | 0.05 | 0.7 |
| **17** | ਸ.ਭ.ਸ. ਨਗਰ | 17 | 0.05 | 0.85 |
| **18** | ਪਠਾਨਕੋਟ | 5 | 0.05 | 0.25 |
| **19** | ਪਟਿਆਲਾ | 7 | 0.05 | 0.35 |
| **20** | ਰੂਪਨਗਰ | 8 | 0.05 | 0.4 |
| **21** | ਸੰਗਰੂਰ | 5 | 0.05 | 0.25 |
| **22** | ਸ਼੍ਰੀ ਮੁਕਤਸਰ ਸਾਹਿਬ | 10 | 0.05 | 0.5 |
| **23** | ਤਰਨਤਾਰਨ | 10 | 0.05 | 0.5 |
| ਕੁੱਲ ਰਾਸ਼ੀ | | **233** | **0.005** | **11.65** |

8.0 ਸਮੂਹ ਸਕੂਲਾਂ ਵੱਲੋਂ ਰਾਸ਼ਟਰੀ ਪੱਧਰ ਦੀ ਹਸਤੀ ਦੁਆਰਾ mentoring ਕਰਵਾਉਣ ਲਈ @5000/ਪ੍ਰਤੀ ਸਕੂਲ ਭੇਜੀ ਗਈ ਰਾਸ਼ੀ ਬੁਲਾਏ ਗਏ ਅਧਿਕਾਰੀ ਦੇ ਮਾਨਭੱਤੇ (Honorarium) ਵੱਜੋਂ ਖਰਚੀ ਜਾਵੇਗੀ।

9.0 ਸਮੂਹ PM Shri Schools ਵੱਲੋਂ ਰਾਸ਼ਟਰੀ ਪੱਧਰ ਦੀ ਹਸਤੀ ਦੁਆਰਾ mentoring ਗਤੀਵਿਧੀ ਦੇ ਸੰਚਾਲਨ ਅਤੇ ਖਰਚੇ ਦਾ ਸਮੱਗਰਾਂ ਦੇ ਵਿੱਤੀ ਨਿਯਮਾਂ ਅਨੁਸਾਰ ਪੂਰਾ ਰਿਕਾਰਡ ਰੱਖਿਆ ਜਾਵੇ ਅਤੇ ਖਰਚ ਕੀਤੀ ਰਾਸ਼ੀ ਦੇ ਵੇਰਵੇ ਪ੍ਰਬੰਧ ਪੋਰਟਲ ਤੇ ਅਪਡੇਟ ਕਰਨੇ ਯਕੀਨੀ ਬਣਾਏ ਜਾਣ।

10.0 ਉਕਤ ਗਤੀਵਿਧੀ ਦੇ ਰਿਕਾਰਡ ਦੀ ਮੋਨੀਟਰਿੰਗ ਮੁੱਖ ਦਫ਼ਤਰ ਦੀਆਂ ਟੀਮਾਂ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ ਐ.ਸਿੱ), ਪ੍ਰਿੰਸੀਪਲ ਡਾਇਟ, ਡਾਇਟ ਫੈਲਕਟੀ, ਬਲਾਕ ਨੋਡਲ ਅਫ਼ਸਰ ਅਤੇ ਅਕਾਦਮਿਕ ਸਪੋਰਟ ਗਰੱਪ (ASG) ਦੇ ਮੈਂਬਰਾਂ ਦੁਆਰਾ ਕੀਤੀ ਜਾਵੇਗੀ।

11.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਇਸ ਰਾਸ਼ੀ ਨੂੰ 15 ਫ਼ਰਵਰੀ, 2025 ਤੱਕ ਖਰਚ ਕਰਵਾ ਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਨਾਲ ਉਚਿੱਤ ਤਾਲਮੇਲ ਰਾਹੀ 28 ਫ਼ਰਵਰੀ, 2025 ਤੱਕ ਵਰਤੋਂ ਸਰਟੀਫ਼ਿਕੇਟ ਹਰ ਹਾਲਤ ਵਿੱਚ ਮੁੱਖ ਦਫ਼ਤਰ ਨਾਲ ਸਾਂਝਾ ਕਰਨਾ ਯਕੀਨੀ ਬਣਾਇਆ ਜਾਵੇ।

12.0 ਉਕਤ ਹਦਾਇਤਾਂ ਦੀ ਪਾਲਣਾ ਕਰਨੀ ਯਾਕੀਨੀ ਬਣਾਈ ਜਾਵੇ।

**ਅਮਨਿੰਦਰ ਕੌਰ (PCS),**
**ਡਾਇਰੈਕਟਰ,**
**ਐਸ.ਸੀ.ਈ.ਆਰ.ਟੀ.,ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ: ਐਸ.ਏ.ਐਸ.ਨਗਰ: 03.01.2025

ਉਪਰੋਕਤ ਦਾ ਉਤਾਰਾ ਸੂਚਨਾ ਹਿੱਤ ਹੇਠ ਲਿਖਿਆ ਨੂੰ ਭੇਜਿਆ ਜਾਂਦਾ ਹੈ:

1. ਨਿ.ਸ/ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
2. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿੱ),ਪੰਜਾਬ
3. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਐ.ਸਿੱ),ਪੰਜਾਬ

03/01/2025.

**ਸਹਾਇਕ ਡਾਇਰੈਕਟਰ, AQT**
**ਐਸ.ਸੀ.ਈ.ਆਰ.ਟੀ.,ਪੰਜਾਬ।**